# ਕੋਵਿਡ-19 ਮਹਾਂਮਾਰੀ ਦੇ ਦੌਰਾਨ ਬ੍ਰੈਂਪਟਨ ਵਿੱਚ ਸਿਵਿਕ ਹੌਲੀਡੇ 2021

ਬ੍ਰੈਂਪਟਨ, ਓਨਟੈਰੀਓ (28 ਜੁਲਾਈ, 2021) – ਸਿਵਿਕ ਹੌਲੀਡੇ (Civic Holiday), ਸੋਮਵਾਰ, 2 ਅਗਸਤ ਨੂੰ ਹੈ। ਹੇਠਾਂ ਦੱਸਿਆ ਜਾ ਰਿਹਾ ਹੈ ਕਿ ਉਸ ਦਿਨ ਵਾਸਤੇ, ਸਿਟੀ ਆਫ ਬ੍ਰੈਂਪਟਨ ਦੀਆਂ ਸੇਵਾਵਾਂ ਬਾਰੇ ਤੁਹਾਨੂੰ ਕੀ ਜਾਣਨ ਦੀ ਲੋੜ ਹੈ।

ਫਾਇਰ ਐਂਡ ਐਮਰਜੈਂਸੀ ਸਰਵਿਸਿਜ (Fire and Emergency Services), ਟ੍ਰੈਫਿਕ ਸਰਵਿਸਿਜ (Traffic Services), ਬਾਇ-ਲਾਅ ਐਨਫੋਰਸਮੈਂਟ (By-Law Enforcement), ਰੋਡ ਓਪਰੇਸ਼ਨਸ (Road Operations) ਅਤੇ ਸਿਕਿਓਰਿਟੀ ਸਰਵਿਸਿਜ (Security Services) ਸਮੇਤ, ਸਾਰੀਆਂ ਜ਼ਰੂਰੀ ਅਤੇ ਮਹੱਤਵਪੂਰਣ ਸੇਵਾਵਾਂ, ਕਮਿਊਨਿਟੀ ਦੇ ਸਹਿਯੋਗ ਲਈ ਪਹਿਲਾਂ ਵਾਂਗ ਹੀ ਜਾਰੀ ਰਹਿਣਗੀਆਂ।

ਕਿਸੇ ਵੀ ਸਵਾਲਾਂ ਲਈ ਨਿਵਾਸੀ, 311 ਤੇ ਜਾਂ 905.874.2000 (ਬ੍ਰੈਂਪਟਨ ਦੇ ਬਾਹਰੋਂ) ਤੇ ਫੋਨ ਕਰ ਸਕਦੇ ਹਨ, ਬ੍ਰੈਂਪਟਨ 311 (Brampton 311) ਐਪ (ਜੋ ਐਪ ਸਟੋਰ (App Store) ਜਾਂ Google Play (ਗੂਗਲ ਪਲੇ) ਤੇ ਉਪਲਬਧ ਹੈ) ਦੀ ਵਰਤੋਂ ਕਰ ਸਕਦੇ ਹਨ, www.311brampton.ca ਤੇ ਜਾ ਸਕਦੇ ਹਨ ਜਾਂ 311@brampton.ca ਤੇ ਈਮੇਲ ਕਰ ਸਕਦੇ ਹਨ। ਅਸੀਂ ਸਿਟੀ ਆਫ ਬ੍ਰੈਂਪਟਨ ਜਾਂ ਰੀਜਨ ਆਫ ਪੀਲ (Region of Peel) ਦੇ ਕਿਸੇ ਵੀ ਮੁੱਦਿਆਂ ਲਈ, 24/7 ਉਪਲਬਧ ਹਾਂ। ਕੋਵਿਡ-19 (COVID-19) ਸਬੰਧੀ ਸਵਾਲਾਂ ਲਈ, www.brampton.ca/COVID19 ਤੇ ਜਾਓ।

**ਪਟਾਕਿਆਂ ਤੋਂ ਸੁਰੱਖਿਆ**

ਸਿਟੀ ਆਫ ਬ੍ਰੈਂਪਟਨ, ਸਿਵਿਕ ਹੌਲੀਡੇ ਨੂੰ ਪਟਾਕਿਆਂ ਦੇ ਕਿਸੇ ਡਿਸਪਲੇ ਦਾ ਆਯੋਜਨ ਨਹੀਂ ਕਰੇਗੀ ਅਤੇ ਨਿੱਜੀ ਪਟਾਕਿਆਂ ਦੀ ਇਜਾਜ਼ਤ ਨਹੀਂ ਹੈ।

ਸਿਵਿਕ ਹੌਲੀਡੇ, ਸਾਲ ਵਿੱਚ ਉਹਨਾਂ ਚਾਰ ਦਿਨਾਂ ਵਿੱਚੋਂ ਇੱਕ ਨਹੀਂ ਹੈ, ਜਦੋਂ ਸਿਟੀ ਆਫ ਬ੍ਰੈਂਪਟਨ ਵਿੱਚ ਨਿੱਜੀ ਪਟਾਕਿਆਂ ਦੀ ਇਜਾਜ਼ਤ ਹੁੰਦੀ ਹੈ। ਹੋਰ ਜਾਣਕਾਰੀ ਲਈ, www.brampton.ca/bylaws ਤੇ ਜਾਓ।

## ਬ੍ਰੈਂਪਟਨ ਟ੍ਰਾਂਜ਼ਿਟ

ਬ੍ਰੈਂਪਟਨ ਟ੍ਰਾਂਜ਼ਿਟ (Brampton Transit), ਸਿਵਿਕ ਹੌਲੀਡੇ ਨੂੰ ਕੁਝ ਰੂਟਾਂ ਦੇ ਰੱਦ ਹੋਣ ਦੇ ਨਾਲ, ਐਤਵਾਰ/ਛੁੱਟੀ ਵਾਲੀ ਸੇਵਾ ਦੇ ਸ਼ੈਡਿਊਲ ਤੇ ਚੱਲੇਗੀ। ਇਹਨਾਂ ਰੂਟਾਂ ਤੇ ਬੱਸਾਂ ਚੱਲਣਗੀਆਂ:

- 501 ਜ਼ੂਮ ਕਵੀਨ (501 Züm Queen)
- 502 ਜ਼ੂਮ ਮੇਨ (502 Züm Main)
- 505 ਜ਼ੂਮ ਬੋਵੇਅਰਡ (505 Züm Bovaird)
- 511 ਜ਼ੂਮ ਸਟੀਲਸ (511 Züm Steeles)
- 1 ਕਵੀਨ (1 Queen)
- 2 ਮੇਨ (2 Main)
- 3 ਮੈਕਲੌਗਲਿਨ (3 McLaughlin)
- 4 ਚਿੰਗਕੂਜ਼ੀ (4 Chinguacousy)
- 5 ਬੋਵੇਅਰਡ (5 Bovaird)

- 7 ਕੈਨੇਡੀ (7 Kennedy)
- 8 ਸੈਂਟਰ (8 Centre)
- 11 ਸਟੀਲਸ (11 Steeles)
- 14 ਟੋਰਬਰੈਮ (14 Torbram)
- 15 ਬ੍ਰੈਮਲੀ (15 Bramalea)
- 18 ਡਿਕਸੀ (18 Dixie)
- 23 ਸੈਂਡਲਵੁੱਡ (23 Sandalwood)
- 29 ਵਿਲੀਅਮਸ (29 Williams)
- 30 ਏਅਰਪੋਰਟ ਰੋਡ (30 Airport Rd.)
- 35 ਕਲਾਰਕਵੇ (35 Clarkway)
- 50 ਗੋਰ ਰੋਡ (50 Gore Rd.)
- 52 ਮੈਕਮਰਚੀ (52 McMurchy)
- 53 ਰੇ ਲਾੱਸਨ (53 Ray Lawson)
- 56 ਕਿੰਗਨੋਲ (56 Kingknoll)
- 57 ਚਾਰੋਲੇਸ (57 Charolais)
- 115 ਪੀਅਰਸਨ ਏਅਰਪੋਰਟ ਐਕਸਪ੍ਰੈਸ (115 Pearson Airport Express)

ਸਿਵਿਕ ਹੌਲੀਡੇ ਨੂੰ ਟਰਮੀਨਲਾਂ ਵਿਖੇ ਗਾਹਕ ਸੇਵਾ (Customer Service) ਕਾਉਂਟਰ ਬੰਦ ਰਹਿਣਗੇ। ਸੰਪਰਕ ਕੇਂਦਰ (Contact Centre), ਸਵੇਰੇ 7 ਵਜੇ ਤੋਂ ਰਾਤ 9 ਵਜੇ ਤੱਕ ਸਹਾਇਤਾ ਲਈ ਉਪਲਬਧ ਰਹੇਗਾ। ਹੋਰ ਜਾਣਕਾਰੀ ਲਈ, ਸੰਪਰਕ ਕੇਂਦਰ ਨੂੰ 905.874.2999 ਤੇ ਫੋਨ ਕਰੋ ਜਾਂ www.bramptontransit.com ਤੇ ਜਾਓ।

ਵੱਧ ਵਾਰ ਸਫਾਈ ਅਤੇ ਸੈਨੀਟਾਈਜ਼ ਕਰਨ ਦਾ ਸ਼ੈਡਿਊਲ ਪਹਿਲਾਂ ਵਾਂਗ ਹੀ ਪ੍ਰਭਾਵੀ ਰਹੇਗਾ। ਹਰ 48 ਘੰਟਿਆਂ ਵਿੱਚ ਸਾਰੀਆਂ ਠੋਸ ਸਤ੍ਹਾਵਾਂ, ਓਪਰੇਟਰ ਕੰਪਾਰਟਮੈਂਟਸ ਅਤੇ ਸੀਟਾਂ ਨੂੰ ਰੋਗਾਣੂ ਮੁਕਤ ਕਰਨਾ, ਬ੍ਰੈਂਪਟਨ ਟ੍ਰਾਂਜ਼ਿਟ ਦਾ ਟੀਚਾ ਹੈ। ਇਸ ਵੇਲੇ ਜ਼ਿਆਦਾਤਰ ਬੱਸਾਂ ਨੂੰ ਹਰੇਕ 24 ਘੰਟਿਆਂ ਵਿੱਚ ਸੈਨੀਟਾਈਜ਼ ਕੀਤਾ ਜਾ ਰਿਹਾ ਹੈ। ਜਿਹਨਾਂ ਫੈਸਿਲਿਟੀਜ ਅਤੇ ਟਰਮੀਨਲਾਂ ਦੀਆਂ ਠੋਸ ਸਤ੍ਹਾਵਾਂ ਹਨ, ਉਹਨਾਂ ਨੂੰ ਰੋਜ਼ਾਨਾ ਪੂੰਝਿਆ ਜਾ ਰਿਹਾ ਹੈ ਅਤੇ ਸੈਨੀਟਾਈਜ਼ ਕੀਤਾ ਜਾ ਰਿਹਾ ਹੈ।

ਸਿਟੀ, ਸਵਾਰੀਆਂ ਨੂੰ ਬੇਨਤੀ ਕਰਦੀ ਹੈ ਕਿ ਜਿੰਨਾ ਵੱਧ ਤੋਂ ਵੱਧ ਸੰਭਵ ਹੋ ਸਕੇ, ਉਹ ਟਰਮੀਨਲਾਂ ਅਤੇ ਬਸ ਸਟੌਪਸ ਤੇ, ਮਾਸਕ ਪਹਿਨ ਕੇ ਵੀ, ਲਗਾਤਾਰ ਸਰੀਰਕ ਦੂਰੀ ਕਾਇਮ ਰੱਖਣ। ਸਵਾਰੀਆਂ ਨੂੰ ਇਹ ਵੀ ਯਾਦ ਕਰਾਇਆ ਜਾਂਦਾ ਹੈ ਕਿ ਉਹ ਸਫ਼ਰ ਕਰਦੇ ਸਮੇਂ, ਹੈਂਡ ਸੈਨੀਟਾਈਜ਼ਰ ਜਾਂ ਵਾਈਪਸ ਜਿਹੇ, ਖੁਦ ਦੇ ਰੋਗਾਣੂ-ਨਾਸ਼ਕ ਪਦਾਰਥ ਆਪਣੇ ਨਾਲ ਰੱਖਣ, ਵਾਰ-ਵਾਰ ਆਪਣੇ ਹੱਥ ਧੋਣ ਅਤੇ ਖੰਘਦੇ ਜਾਂ ਨਿੱਛਾਂ ਮਾਰਦੇ ਸਮੇਂ, ਮੂੰਹ ਨੂੰ ਆਪਣੀ ਕੂਹਣੀ ਨਾਲ ਢਕ ਲੈਣ। ਜੇਕਰ ਤੁਸੀਂ ਬੀਮਾਰ ਹੋ, ਤਾਂ ਕਿਰਪਾ ਕਰਕੇ ਟ੍ਰਾਂਜ਼ਿਟ ਤੇ ਸਫ਼ਰ ਕਰਨ ਤੋਂ ਪਰਹੇਜ਼ ਕਰੋ, ਨੇੜਲੀ ਕੋਵਿਡ-19 ਅਸੈਸਮੈਂਟ ਸਾਈਟ ਵਿਖੇ ਟੈਸਟ ਕਰਵਾਓ ਅਤੇ ਪਬਲਿਕ ਹੈਲਥ ਦੇ ਨਿਰਦੇਸ਼ਾਂ ਦੀ ਪਾਲਣਾ ਕਰੋ।

ਨਿਯਮਿਤ ਅੱਪਡੇਟਾਂ ਲਈ www.brampton.ca/COVID19 ਤੇ ਜਾਓ ਅਤੇ ਸੇਵਾ ਅੱਪਡੇਟਾਂ ਲਈ bramptontransit.com ਤੇ ਜਾਓ ਜਾਂ Twitter ਤੇ @bramptontransit ਨੂੰ ਫਾੱਲੋ ਕਰੋ। ਸਵਾਲ ਸਿੱਧੇ ਬ੍ਰੈਂਪਟਨ ਟ੍ਰਾਂਜ਼ਿਟ ਦੇ ਸੰਪਰਕ ਕੇਂਦਰ ਵਿਖੇ 905.874.2999 ਤੇ ਪੁੱਛੇ ਜਾ ਸਕਦੇ ਹਨ।

**ਬ੍ਰੈਂਪਟਨ ਦੇ ਪਾਰਕ**

ਬਿਨਾਂ ਜੰਜੀਰ ਬੰਨ੍ਹੇ ਕੁੱਤਿਆਂ ਲਈ ਉਪਲਬਧ ਪਾਰਕਾਂ ਸਮੇਤ, ਬ੍ਰੈਂਪਟਨ ਦੀਆਂ ਸਾਰੀਆਂ ਟ੍ਰੇਲਾਂ, ਪਲੇਗ੍ਰਾਊਂਡ ਅਤੇ ਪਾਰਕ, ਸਿਵਿਕ ਹੌਲੀਡੇ ਨੂੰ ਖੁੱਲ੍ਹੇ ਰਹਿਣਗੇ। ਹਰ ਕਿਸੇ ਦੀ ਸਿਹਤ ਅਤੇ ਤੰਦਰੁਸਤੀ ਲਈ ਸਰੀਰਕ ਗਤੀਵਿਧੀ ਮਹੱਤਵਪੂਰਣ ਹੈ। ਸਾਡੇ ਪਾਰਕ ਅਤੇ ਟ੍ਰੇਲਾਂ ਦੇਖਣ ਲਈ, www.brampton.ca/parks ਤੇ ਜਾਓ।

**ਬ੍ਰੈਂਪਟਨ ਰੇਕ੍ਰੀਏਸ਼ਨ**

ਸਿਵਿਕ ਹੌਲੀਡੇ ਦੇ ਦੌਰਾਨ, ਸੀਮਿਤ ਪ੍ਰੋਗਰਾਮਾਂ ਅਤੇ ਸੇਵਾਵਾਂ ਲਈ, ਸਿਟੀ ਆਫ ਬ੍ਰੈਂਪਟਨ ਦੇ ਚੋਣਵੇਂ ਰੇਕ੍ਰੀਏਸ਼ਨ ਸੈਂਟਰ (Recreation Centres) ਖੁੱਲ੍ਹੇ ਹਨ। ਫਿਟਨੈਸ, ਤੈਰਾਕੀ, ਸਕੇਟਿੰਗ ਅਤੇ ਆਮ ਰੁਚੀ ਵਾਲੀ ਪ੍ਰੋਗਰਾਮਿੰਗ ਵਿੱਚ ਸ਼ਾਮਲ ਹੋਣ ਸਮੇਤ, ਇਹਨਾਂ ਵਿੱਚ ਆਉਣ ਲਈ ਰਿਜਰਵੇਸ਼ਨ ਸਿਸਟਮ (reservation system) ਸਥਾਪਤ ਕੀਤਾ ਗਿਆ ਹੈ।

ਪਾਰਕ ਕਲਾਸਾਂ ਵਿੱਚ ਮੁਫ਼ਤ ਫਿਟਨੈਸ, ਪ੍ਰੋਫੈਸਰਸ ਲੇਕ (Professor's Lake) ਬੀਚ ਅਤੇ ਬੋਟਹਾਊਸ ਅਤੇ ਆਊਟਡੋਰ ਸਪਲੈਸ਼ ਪੈਡਸ ਸਮੇਤ, ਆਪਣੇ ਪਰਿਵਾਰ ਨਾਲ ਸੁਰੱਖਿਅਤ ਰੂਪ ਨਾਲ ਅਨੰਦ ਮਾਣਨ ਵਾਸਤੇ ਆਊਟਡੋਰ ਸਹੂਲਤਾਂ ਬਾਰੇ ਜਾਣਕਾਰੀ ਲਈ, www.brampton.ca/summerfun ਤੇ ਜਾਓ।

ਵਰਚੁਅਲ (ਆਭਾਸੀ) ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਜਾਣਕਾਰੀ ਲਈ, www.brampton.ca/recathome ਤੇ ਜਾਓ।

**ਬ੍ਰੈਂਪਟਨ ਲਾਇਬ੍ਰੇਰੀ**

ਸਿਵਿਕ ਹੌਲੀਡੇ ਨੂੰ ਬ੍ਰੈਂਪਟਨ ਲਾਇਬ੍ਰੇਰੀ (Brampton Library) ਦੀਆਂ ਸਾਰੀਆਂ ਬ੍ਰਾਂਚਾਂ ਬੰਦ ਰਹਿਣਗੀਆਂ।

ਔਨਲਾਈਨ ਵਸਤਾਂ (online borrowing) ਲੈਣ ਵਾਸਤੇ ਅਤੇ ਈਬੁੱਕਸ, ਈਆੱਡੀਓਬੁੱਕਸ, ਟੀਵੀ ਅਤੇ ਮੂਵੀ ਸਟ੍ਰੀਮਿੰਗ, ਔਨਲਾਈਨ ਸਿਖਲਾਈ, ਆਰਟਸ ਅਤੇ ਕ੍ਰਾਫਟ ਇੰਸਟ੍ਰਕਸ਼ਨ ਆਦਿ ਤੱਕ ਮੁਫ਼ਤ ਪਹੁੰਚ (eBooks, eAudiobooks, TV and Movie streaming, online learning, arts and crafts instruction) ਪ੍ਰਾਪਤ ਕਰਨ ਲਈ, ਕਿਸੇ ਵੀ ਸਮੇਂ ਬ੍ਰੈਂਪਟਨ ਲਾਇਬ੍ਰੇਰੀ ਦੀ ਵੈਬਸਾਈਟ (Brampton Library website) ਤੇ ਜਾਓ। ਇਹ ਸਭ ਕੁਝ ਤੁਹਾਡੇ ਲਾਇਬ੍ਰੇਰੀ ਕਾਰਡ ਦੇ ਨਾਲ ਮੁਫ਼ਤ ਹੈ।

ਬ੍ਰੈਂਪਟਨ ਲਾਇਬ੍ਰੇਰੀ ਕਾਰਡ ਪ੍ਰਾਪਤ ਕਰਨ ਲਈ, ਕਿਰਪਾ ਕਰਕੇ ਇੱਥੇ ਕਲਿੱਕ ਕਰੋ (To get a Brampton Library card, please click here)। ਸਾਰੀਆਂ ਬ੍ਰਾਂਚਾਂ ਵਿਖੇ 24-ਘੰਟੇ ਦੇ ਬਾਹਰਲੇ ਡ੍ਰੌਪ ਬੌਕਸਾਂ ਦੇ ਦੁਆਰਾ, ਜਦੋਂ ਚਾਹੇ, ਆਪਣੀ ਸੁਵਿਧਾ ਨਾਲ ਚੀਜ਼ਾਂ ਵਾਪਸ ਕਰੋ। ਕੈਲੰਡਰ ਆਫ ਇਵੈਂਟਸ (Calendar of Events) ਤੇ ਸਾਡੇ ਵਰਚੁਅਲ ਪ੍ਰੋਗਰਾਮਾਂ ਲਈ ਰਜਿਸਟਰ ਕਰੋ ਅਤੇ ਇਹਨਾਂ ਵਿੱਚ ਸ਼ਾਮਲ ਹੋਣ ਦੀ ਯੋਜਨਾ ਬਣਾਓ। ਨਾਲ ਹੀ, ਬ੍ਰੈਂਪਟਨ ਲਾਇਬ੍ਰੇਰੀ ਦੇ YouTube ਪੇਜ ਤੇ, ਹਫ਼ਤਾਵਾਰ ਵਰਚੁਅਲ ਕਹਾਣੀਆਂ (virtual storytimes) ਸਮੇਤ, ਹੋਰ ਵੀਡਿਓ ਦਾ ਅਨੰਦ ਮਾਣੋ।

ਸੰਪਰਕ ਵਿੱਚ ਰਹੋ! ਸਾਡੇ ਈਮੇਲ ਅੱਪਡੇਟਸ ਅਤੇ ਨਿਊਜ਼ਲੈਟਰਸ ਲਈ ਸਬਸਕ੍ਰਾਈਬ ਕਰੋ (Subscribe to our email updates and newsletters) ਅਤੇ ਸਾਨੂੰ Facebook, Twitter, Instagram, LinkedIn ਅਤੇ YouTube ਤੇ ਫਾੱਲੋ ਕਰੋ।

ਬ੍ਰੈਂਪਟਨ ਲਾਇਬ੍ਰੇਰੀ ਨੂੰ ਇਹ ਪੁਸ਼ਟੀ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਇਸਦੀਆਂ ਫੋਰ ਕੋਰਨਰਸ (Four Corners), ਸਿਰਿਲ ਕਲਾਰਕ (Cyril Clark), ਚਿੰਗਕੂਜ਼ੀ (Chinguacousy) ਅਤੇ ਸਪ੍ਰਿੰਗਡੇਲ (Springdale) ਬ੍ਰਾਂਚਾਂ ਸੀਮਿਤ ਸੇਵਾਵਾਂ ਲਈ ਦੁਬਾਰਾ ਖੁੱਲ ਗਈਆਂ ਹਨ। ਕਰਬਸਾਈਡ ਪਿਕਅੱਪ (ਪਗਡੰਡੀ ਦੇ ਕਿਨਾਰੇ ਤੋਂ ਵਸਤਾਂ ਲੈਣਾ) ਸੇਵਾ, ਗੋਰ ਮੇਡੋਜ (Gore Meadows), ਮਾਊਂਟ ਪਲੈਜ਼ੈਂਟ ਵਿਲੇਜ (Mount Pleasant Village), ਸਾਊਥ ਫਲੈਚਰਸ (South Fletcher's) ਅਤੇ ਸਾਊਥ ਵੈਸਟ (South West) ਬ੍ਰਾਂਚ ਲਾਇਬ੍ਰੇਰੀਆਂ ਵਿਖੇ ਪੇਸ਼ ਕਰਨਾ ਜਾਰੀ ਰਹੇਗਾ। ਵੇਰਵਿਆਂ ਲਈ, ਕਿਰਪਾ ਕਰਕੇ ਸਾਡੀ ਵੈਬਸਾਈਟ ਤੇ ਜਾਓ (please visit our website)।

**ਬ੍ਰੈਂਪਟਨ ਐਨੀਮਲ ਸਰਵਿਸਿਜ**

ਬ੍ਰੈਂਪਟਨ ਐਨੀਮਲ ਸ਼ੈਲਟਰ (Brampton Animal Shelter), ਸਿਵਿਕ ਹੌਲੀਡੇ ਨੂੰ ਬੰਦ ਰਹੇਗਾ।

ਐਨੀਮਲ ਕੰਟ੍ਰੋਲ (Animal Control), ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 7 ਵਜੇ ਤੋਂ ਰਾਤ 10 ਵਜੇ ਤੱਕ ਅਤੇ ਸ਼ਨੀਵਾਰ ਅਤੇ ਐਤਵਾਰ ਅਤੇ ਛੁੱਟੀਆਂ ਵਾਲੇ ਦਿਨਾਂ ਨੂੰ, ਸਵੇਰੇ 8 ਵਜੇ ਤੋਂ ਸ਼ਾਮ 6:30 ਵਜੇ ਤੱਕ ਸੜਕ ਤੇ ਮੌਜੂਦ ਹੋਵੇਗਾ। ਉਹ ਸਿਰਫ਼ ਹੇਠਾਂ ਦਿੱਤੇ ਕੰਮਾਂ ਨਾਲ ਸਬੰਧਿਤ ਕਾਲਾਂ ਦੇ ਹੀ ਜਵਾਬ ਦੇਣਗੇ:

- ਬੀਮਾਰ/ਜ਼ਖਮੀ/ਹਿੰਸਕ ਘਰੇਲੂ ਜਾਨਵਰਾਂ ਜਾਂ ਜੰਗਲੀ ਜਾਨਵਰਾਂ ਦਾ ਪਿਕ ਅੱਪ
- ਹਿੰਸਕ ਜਾਨਵਰ
- ਘਰੋਂ ਬਾਹਰ ਨਿੱਕਲੇ ਕੁੱਤੇ ਨੂੰ ਬਚਾਉਣਾ
- ਕੁੱਤੇ ਦੇ ਕੱਟਣ ਦੀ ਜਾਂਚ
- ਬੰਨ੍ਹ ਕੇ ਰੱਖੇ ਅਵਾਰਾ ਕੁੱਤਿਆਂ ਦਾ ਪਿਕ ਅੱਪ
- ਮਰੇ ਹੋਏ ਜਾਨਵਰ ਦਾ ਪਿਕ ਅੱਪ

ਇਹਨਾਂ ਘੰਟਿਆਂ ਤੋਂ ਬਾਅਦ, ਐਨੀਮਲ ਕੰਟ੍ਰੋਲ ਸਿਰਫ਼ ਐਮਰਜੈਂਸੀ ਕਾਲਾਂ ਦਾ ਹੀ ਜਵਾਬ ਦੇਵੇਗਾ।

**ਸਿਵਿਕ ਹੌਲੀਡੇ ਲਈ ਪੀਲ ਪਬਲਿਕ ਹੈਲਥ ਦੇ ਰਿਮਾਈਂਡਰ**

ਕਿਉਂਕਿ ਵੈਕਸੀਨ ਦੀ ਅਧਿਕਾਰਤ ਸ਼ੁਰੂਆਤ (ਰੋਲ-ਆਊਟ) ਜਾਰੀ ਹੈ ਅਤੇ ਕੇਸਾਂ ਦੀ ਸੰਖਿਆ ਘਟ ਰਹੀ ਹੈ, ਇਸਲਈ ਇਹ ਯਾਦ ਰੱਖਣਾ ਮਹੱਤਵਪੂਰਣ ਹੈ ਕਿ ਪਬਲਿਕ ਹੈਲਥ ਦੇ ਉਪਾਅ, ਕੋਵਿਡ-19 ਤੋਂ ਸਾਡਾ ਬਿਹਤਰ ਬਚਾਅ ਹਨ। ਇਸਦੇ ਰੋਡਮੈਪ ਟੂ ਰੀਓਪਨ (Roadmap to Reopen) ਦੇ ਪੜਾਅ 3 ਵਿਚਲੇ ਪ੍ਰੋਵਿੰਸੀਅਲ ਨਿਰਦੇਸ਼ਾਂ ਦੀ ਪਾਲਣਾ ਕਰਕੇ, ਲੰਮੇ ਵੀਕੈਂਡ ਨੂੰ ਇੱਕ-ਦੂਜੇ ਦਾ ਖਿਆਲ ਰੱਖੋ। ਹਮੇਸ਼ਾ ਦੀ ਤਰ੍ਹਾਂ, ਕਿਰਪਾ ਕਰਕੇ ਹੇਠਾਂ ਲਿਖੀਆਂ ਗੱਲਾਂ ਯਾਦ ਰੱਖੋ:

- ਜੇਕਰ ਤੁਸੀਂ ਬੀਮਾਰ ਮਹਿਸੂਸ ਕਰ ਰਹੇ ਹੋ ਤਾਂ ਘਰ ਵਿੱਚ ਹੀ ਰਹੋ ਜਾਂ ਟੈਸਟ ਕਰਵਾਓ
- ਦੂਜਿਆਂ ਤੋਂ 2 ਮੀਟਰ ਦੀ ਦੂਰੀ ਰੱਖੋ
- ਆਪਣੇ ਹੱਥ ਧੋਵੋ
- ਚੰਗੀ ਤਰ੍ਹਾਂ ਫਿੱਟ ਆਉਣ ਵਾਲਾ ਮਾਸਕ ਪਹਿਨੋ
- ਵੈਕਸੀਨ ਲਗਵਾਓ

-30-

**ਸਿਟੀ ਆਫ ਬ੍ਰੈਂਪਟਨ ਦਾ ਮੀਡੀਆ ਸੰਪਰਕ**
ਪ੍ਰਭਜੋਤ ਕੈਂਥ (Prabhjot Kainth)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Prabhjot.Kainth@brampton.ca

**ਰੀਜਨ ਆਫ ਪੀਲ ਦਾ ਮੀਡੀਆ ਸੰਪਰਕ**
ਐਸ਼ਲੇ ਹਾੱਕਿੰਸ (Ashleigh Hawkins)
ਕਮਿਉਨਿਕੇਸ਼ਨਸ ਸਪੈਸ਼ਲਿਸਟ – ਪਬਲਿਕ ਹੈਲਥ
ਰੀਜਨ ਆਫ ਪੀਲ
416.818.4421 | ashleigh.hawkins@peelregion.ca